# 9

## ਸਵਾਲ:

# ''ਜੇ ਕਿਰਪਾ ਤੋਂ ਡਿੱਗਣਾ ਸੰਭਵ ਹੈ ਤਾਂ ਮਸੀਹੀ ਆਦਮੀ ਨੂੰ ਕੋਈ ਉਮੀਦ ਕਿਵੇਂ ਹੋ ਸਕਦੀ ਹੈ?''

## ਜਵਾਬ:

ਅਸੀਂ ਸਿਖਾਉਂਦੇ ਹਾਂ ਕਿ ਮਸੀਹੀ ਆਦਮੀ ਕਿਰਪਾ ਤੋਂ ਡਿੱਗ ਸਕਦਾ ਹੈ। ਹੋਰ ਬਹੁਤ ਸਾਰੇ ਲੋਕ ਇਹ ਸਿਖਾਉਂਦੇ ਹਨ ਕਿ ਮਸੀਹੀ ਆਦਮੀ ਲਈ ਕਿਰਪਾ ਤੋਂ ਡਿੱਗਣਾ ਨਾਮੁਮਕਿਨ ਹੈ। ਇਕ ਮਸ਼ਹੂਰ ਡਿਨੋਮੀਨੇਸ਼ਨ ਦੀ ਇਕ ਸਥਾਨਕ ਮੰਡਲੀ ਨੇ ਆਪਣੇ ਵਿਸ਼ਵਾਸਾਂ ਦੀ ਸੂਚੀ ਵਿਚ ਹੇਠ ਲਿਖੀਆਂ ਗੱਲਾਂ ਮਿਲਾ ਲਈਆਂ: ''ਅਸੀਂ ਵਿਸ਼ਵਾਸੀ ਦੀ ਅਬਦੀ ਸੁਰੱਖਿਆ ਨੂੰ ... ਮੰਨਦੇ ਹਾਂ; ਭਾਵ ਇਹ ਕਿ ਖ਼ੁਦਾ ਦੇ ਪਰਿਵਾਰ ਵਿਚ ਜਨਮ ਲੈਣ ਵਾਲੇ ਦਾ ਕਦੇ ਨਾਸ ਹੋਣਾ ਸੰਭਵ ਨਹੀਂ ਹੈ।'' ਬੇਦੀਨੀ ਦੀ ਸੰਭਾਵਨਾ ਤੋਂ ਇਨਕਾਰ ਕਰਨ ਵਾਲੇ ਲੋਕ ਪੁੱਛਦੇ ਹਨ: ''ਜੇ ਤੁਸੀਂ ਮੰਨਦੇ ਹੋ ਕਿ ਨਵੇਂ ਸਿਰਿਓਂ ਪੈਦਾ ਹੋਇਆ ਆਦਮੀ ਸੁਰਗ ਦੇ ਆਪਣੇ ਘਰ ਤੋਂ ਵਾਂਝਾ ਹੋ ਸਕਦਾ ਹੈ, ਤਾਂ ਉਹਨੂੰ ਮੁਕਤੀ ਦੀ ਉਮੀਦ ਕਿਵੇਂ ਮਿਲ ਸਕਦੀ ਹੈ?''

ਅਸਲ ਵਿਚ ਬੇਦੀਨ ਹੋਣ ਦੀ ਸੰਭਾਵਨਾ ਸਾਡੀ ਹੈਰਾਨੀ ਦਾ ਕਾਰਣ ਬਣ ਸਕਦੀ ਹੈ ਕਿ ਅਸੀਂ ਆਪਣੀ ਮੁਕਤੀ ਬਾਰੇ ਯਕੀਨੀ ਤੌਰ ਤੇ ਕਿਵੇਂ ਜਾਣ ਸਕਦੇ ਹਾਂ। ਅਸੀਂ ਗੀਤ ਗਾਉਂਦੇ ਹਾਂ ''ਯਿਸੂ ਹੈ ਮੇਰਾ ਕੈਸਾ ਖੁਸ਼ਹਾਲ,'' ਪਰ ਹੋ ਸਕਦਾ ਹੈ ਕਿ ਉਮੀਦ ਨਾਲੋਂ ਸਾਨੂੰ ਸ਼ੱਕ ਬਹੁਤਾ ਹੋਵੇ। ਹੋ ਸਕਦਾ ਹੈ ਕਿ ਅਸੀਂ ਇਸ ਸ਼ੱਕ ਤੋਂ ਹੈਰਾਨ ਹੋਈਏ, ''ਭਲਾ ਖ਼ੁਦਾ ਮੇਰੇ ਪਾਪਾਂ ਨੂੰ ਮਾਫ਼ ਕਰੇਗਾ ਵੀ ਯਾ ਨਹੀਂ?''; ''ਭਲਾ ਮੈਂ ਬਚਾਏ ਜਾਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹਾਂ?''; ''ਜੇ ਇਸੇ ਵੇਲੇ ਮੇਰੀ ਮੌਤ ਹੋ ਜਾਵੇ ਤਾਂ ਕੀ ਮੈਂ ਸੁਰਗ ਵਿਚ ਹੀ ਜਾਵਾਂਗਾ?'' ਜੇ ਸਾਨੂੰ ਪੁੱਛਿਆ ਜਾਵੇ ਕਿ ਅਸੀਂ ਸੁਰਗ ਵਿਚ ਜਾਵਾਂਗੇ ਯਾ ਨਹੀਂ ਤਾਂ ਸਾਡਾ ਜਵਾਬ ਸ਼ਾਇਦ ਇਹ ਹੋਵੇਗਾ ''ਉਮੀਦ ਹੈ ਜਾਵਾਂਗਾ,'' ਜਾਂ ''ਲਗਦਾ ਹੈ ਜਾਵਾਂਗਾ,'' ਜਾਂ ''ਮੈ ਜਾਣਾ ਪਸੰਦ ਕਰਾਂਗਾ।'' ਹੋ ਸਕਦਾ ਹੈ ਕਿ ਸਾਡੀ ਭਾਸ਼ਾ ਤੋਂ ਲੱਗੇ ਕਿ ਸਾਨੂੰ ਪੂਰਾ ਯਕੀਨ ਨਹੀਂ ਹੈ।

ਇਹ ਮੰਨ ਕੇ ਕਿ ਬੇਦੀਨ ਹੋਣਾ ਸੰਭਵ ਹੈ, ਅਸੀਂ ਅਜਿਹੀਆਂ ਭਾਵਨਾਵਾਂ ਤੋਂ ਕਿਵੇਂ ਨਿੱਕਲ ਸਕਦੇ ਹਾਂ? ਅਸੀਂ ਪੂਰਾ ਭਰੋਸਾ ਕਿਵੇਂ ਕਰ ਸਕਦੇ ਹਾਂ।

### ਮਸੀਹੀ ਲੋਕ ਸਚਮੁਚ ਕਿਰਪਾ ਤੋਂ ਡਿੱਗ ਸਕਦੇ ਹਨ

ਮਸੀਹੀ ਲੋਕ ਸਚਮੁਚ ਕਿਰਪਾ ਤੋਂ ਡਿੱਗ ਸਕਦੇ ਹਨ। ਅਸੀਂ ਅਜਿਹਾ ਕਿਉਂ ਆਖਦੇ ਹਾਂ? ਕਿਉਂਕਿ ਬਾਈਬਲ ਇਹ ਦੱਸਦੀ ਹੈ।

ਕਿਰਪਾ ਤੋਂ ਡਿੱਗਣਾ ਸੰਭਵ ਹੈ। ਮਸੀਹੀ ਲੋਕਾਂ ਨੂੰ ਕਿਰਪਾ ਤੋਂ ਡਿੱਗਣ ਦੇ ਖਿਲਾਫ਼ ਚੌਕਸ ਕੀਤਾ ਗਿਆ ਹੈ: ''ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ'' (1 ਕੁਰਿੰਥੀਆਂ 10:12)। ਪੌਲੁਸ ਤਕ ਨੇ ਵੀ ਕਿਹਾ ਕਿ ਉਹ ਵੀ ਡਿੱਗ ਸਕਦਾ ਹੈ (1 ਕੁਰਿੰਥੀਆਂ 9:27)।

ਕਿਰਪਾ ਤੋਂ ਡਿੱਗਣਾ ਇਕ ਸੱਚ ਹੈ ਅਤੇ ਇਸ ਦਾ ਗੰਭੀਰ ਖ਼ਤਰਾ ਹੈ: ''ਕਿਉਂਕਿ ਓਹ ਜਿਹੜੇ ਇਕ ਵਾਰੀ ਉਜਿਆਲੇ ਕੀਤੇ ਗਏ ਅਤੇ ਸੁਰਗੀ ਦਾਨ ਦਾ ਸੁਆਦ ਚੱਖਿਆ ਅਤੇ ਪਵਿੱਤਰ ਆਤਮਾ ਵਿਚ ਸਾਂਝੀ ਹੋਏ। ਅਤੇ ਪਰਮੇਸ਼ੁਰ ਦੇ ਸ਼ੁਭ ਵਚਨ ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ। ਅਤੇ ਮਗਰੋਂ ਬੇਮੁਖ ਹੋ ਗਏ ਤਾਂ ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੌਬਾ ਕਰਾਉਣੀ ਅਣਹੋਣੀ ਹੈ ... '' (ਇਬਰਾਨੀਆਂ 6:4–6)। ਇਹ ਲੋਕ ਬੇਮੁੱਖ ਹੋਣ ਤੋਂ ਪਹਿਲਾਂ ਬਚਾਏ ਗਏ ਸਨ। ਕਿਉਂਕਿ ਪੰਜ ਖੂਬੀਆਂ ਵਿੱਚੋਂ ਦੋਹਾਂ ਦਾ ਜ਼ਿਕਰ ਕਰੀਏ ਤਾਂ ਉਹ ਉਜਿਆਲੇ ਕੀਤੇ ਗਏ ਸਨ ਅਤੇ ਪਵਿੱਤਰ ਆਤਮਾ ਵਿਚ ਸਾਂਝੀ ਹੋਏ ਸਨ ਅਤੇ ਇਹ ਗੱਲ ਸਿਰਫ਼ ਉਨ੍ਹਾਂ ਲਈ ਹੀ ਕਹੀ ਜਾ ਸਕਦੀ ਹੈ ਜੋ ਮਸੀਹੀ ਹਨ ਜਾਂ ਸਨ।

ਕਿਰਪਾ ਤੋਂ ਡਿੱਗਣਾ ਇਕ ਹਕੀਕਤ ਹੈ। ਗਲਾਤੀਆਂ 5:4 ਕਹਿੰਦਾ ਹੈ, ''ਤੁਸੀਂ ਜੋ ਸ਼ਰ੍ਹਾ ਨਾਲ ਧਰਮੀ ਬਣਨਾ ਚਾਹੁੰਦੇ ਹੋ ਸੋ ਮਸੀਹ ਤੋਂ ਅੱਡ ਹੋ ਗਏ ਹੋ। ਤੁਸੀਂ ਕਿਰਪਾ ਤੋਂ ਡਿੱਗ ਗਏ ਹੋ।'' ਇਸ ਨਾਲ ਨਾ ਸਿਰਫ਼ ਕਿਰਪਾ ਤੋਂ ਡਿੱਗਣ ਦੀ ਸੰਭਾਵਨਾ ਦਾ ਬਲਕਿ ਹਕੀਕਤ ਦਾ ਪਤਾ ਲਗਦਾ ਹੈ। ਕੁਝ ਲੋਕ ਕਿਰਪਾ ਤੋਂ ਡਿੱਗ ਗਏ ਸਨ!

ਕਿਰਪਾ ਤੋਂ ਡਿੱਗਣਾ ਬਰਬਾਦੀ ਦਾ ਕਾਰਣ ਬਣਦਾ ਹੈ। ਯਾਕੂਬ ਕਹਿੰਦਾ ਹੈ, ''ਮੇਰੇ ਭਰਾਵੋ, ਜੇ ਕੋਈ ਤੁਹਾਡੇ ਵਿੱਚੋਂ ਸਚਿਆਈ ਦੇ ਰਾਹੋਂ ਭੁੱਲ ਜਾਵੇ ਅਤੇ ਕੋਈ ਉਹ ਨੂੰ ਮੋੜ ਲਿਆਵੇ। ਤਾਂ ਉਹ ਜਾਣ ਲਵੇ ਭਈ ਜਿਹ ਨੇ ਇਕ ਪਾਪੀ ਨੂੰ ਉਹ ਦੀ ਬਦਰਾਹੀ ਤੋਂ ਮੋੜ ਲਿਆਂਦਾ ਉਹ ਇਕ ਜਾਨ ਨੂੰ ਮੌਤ ਤੋਂ ਬਚਾਵੇਗਾ ...'' (ਯਾਕੂਬ 5:19, 20)। ਯਾਕੂਬ ਮਸੀਹੀ ਲੋਕਾਂ (ਭਾਈਆਂ) ਨੂੰ ਲਿਖ ਰਿਹਾ ਸੀ। ਉਸ ਨੇ ਕਿਹਾ ਕਿ ਮਸੀਹੀ ਲੋਕ ਪਾਪ ਵਿਚ ਪੈ (ਸਚਿਆਈ ਤੋਂ ਭਟਕ) ਸਕਦੇ ਹਨ; ਭਾਵ ਉਹ ਫਿਰ ਸਕਦੇ ਹਨ ਜਾਂ ਬਦਲ ਸਕਦੇ ਹਨ। ਅਜਿਹਾ ਹੋਣ ਤੇ, ਪਾਪੀ ਨੂੰ ਬਚਾਉਣ ਵਾਲਾ ਬੰਦਾ ਉਸ ਨੂੰ ਮੌਤ ਤੋਂ ਬਚਾਉਂਦਾ ਹੈ। ਇਸ ਕਰਕੇ ਉਸਦੇ ਪਾਪ ਨੇ ਉਸ ਨੂੰ ਮੌਤ ਦੀ ਸਜ਼ਾ ਦੇ ਯੋਗ ਠਹਿਰਾਇਆ ਸੀ।

ਮਸੀਹੀ ਲੋਕ ਪਾਪ ਵਿਚ ਪੈ ਸਕਦੇ ਹਨ ਭਾਵ ਉਹ ਕਿਰਪਾ ਤੋਂ ਡਿੱਗ ਸਕਦੇ ਹਨ। ਉਹ ਅਜਿਹਾ ਪਾਪ ਕਰ ਸਕਦੇ ਹਨ ਜਿਸ ਨਾਲ ਹਮੇਸ਼ਾ ਲਈ ਨਾਸ ਹੋ ਜਾਣ। ਬੇਦੀਨੀ ਇਕ ਅਸਲ ਸੰਭਾਵਨਾ ਹੈ।

## ਮਸੀਹੀ ਲੋਕਾਂ ਨੂੰ ਭਰੋਸਾ ਮਿਲ ਸਕਦਾ ਹੈ

ਪਹਿਲੀ ਗੱਲ, ਸਾਨੂੰ ਭਰੋਸਾ ਮਿਲ ਸਕਦਾ ਹੈ, ਕਿਉਂਕਿ ਸਾਨੂੰ ਯਕੀਨ ਹੋ ਸਕਦਾ ਹੈ ਕਿ ਅਸੀਂ ਬਚਾਏ ਗਏ ਹਾਂ। ਨਵੇਂ ਨੇਮ ਵਿਚ ਮੁਕਤੀ ਦਾ ਰਾਹ ਬੜਾ ਸਾਫ਼ ਸਾਫ਼ ਦੱਸਿਆ ਗਿਆ ਹੈ। ਅਸੀਂ ਕਿਰਪਾ ਨਾਲ (ਅਫ਼ਸੀਆਂ 2:8, 9) ਮਸੀਹ ਦੇ ਲਹੂ ਰਾਹੀਂ ਬਚਾਏ ਜਾਂਦੇ ਹਾਂ (ਅਫ਼ਸੀਆਂ 1:7)। ਬਚਾਏ ਜਾਣ ਲਈ ਸਾਡੇ ਵਾਸਤੇ ਇਹ ਯਕੀਨ ਕਰਨਾ ਕਿ ਯਿਸੂ ਖ਼ੁਦਾ ਦਾ ਬੇਟਾ ਹੈ ਅਤੇ ਸਾਡਾ ਪ੍ਰਭੂ ਹੈ ਅਤੇ ਉਸ ਵਿਚ ਆਪਣੇ ਈਮਾਨ ਦਾ ਇਕਰਾਰ ਕਰਨ ਲਈ ਤਿਆਰ ਰਹਿਣਾ ਜ਼ਰੂਰੀ ਹੈ (ਰੋਮੀਆਂ 10:9, 10)। ਸਾਡੇ ਲਈ ਤੌਬਾ ਕਰਨਾ ਜਾਂ ਆਪਣੇ ਪਾਪਾਂ ਤੋਂ ਮੁੜਨਾ ਵੀ ਜ਼ਰੂਰੀ ਹੈ (ਲੂਕਾ 13:3; ਰਸੂਲਾਂ ਦੇ ਕੰਮ 17:30)। ਫਿਰ ਬਚਾਏ ਜਾਣ ਲਈ ਬਪਤਿਸਮਾ ਵੀ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:38; 22:16)।

ਇਹ ਸਭ ਕਰਨ ਦੇ ਬਾਅਦ ਅਸੀਂ ਪੱਕਾ ਜਾਣ ਸਕਦੇ ਹਾਂ ਕਿ ਅਸੀਂ ਬਚਾਏ ਗਏ ਹਾਂ। ਵਿਸ਼ਵਾਸ ਕਰਨ ਅਤੇ ਤੌਬਾ ਕਰਕੇ ਬਪਤਿਸਮਾ ਲੈਣ ਨਾਲ ਸਾਡੇ ਪਾਪਾਂ ਦੀ ਮਾਫ਼ੀ ਹੁੰਦੀ ਹੈ (ਰਸੂਲਾਂ ਦੇ ਕੰਮ

2:38) ... ਪਾਪ ਧੋਤੇ ਜਾਂਦੇ ਹਨ (ਰਸੂਲਾਂ ਦੇ ਕੰਮ 22:16) ... ਅਸੀਂ ਬਚਾਏ ਜਾਂਦੇ ਹਾਂ (1 ਪਤਰਸ 3:21) ... ਮਸੀਹ ਨੂੰ ਪਹਿਨ ਕੇ ਉਸ ਵਿਚ ਆਉਂਦੇ ਹਾਂ (ਗਲਾਤੀਆਂ 3:27)।

ਨਵੇਂ ਨੇਮ ਦੇ ਲੇਖਕਾਂ ਨੂੰ ਮਸੀਹੀ ਲੋਕਾਂ ਦੇ ਨਾਂਅ ਲਿਖਦਿਆਂ ਇਸ ਤੱਥ ਬਾਰੇ ਜ਼ਰਾ ਵੀ ਸ਼ੱਕ ਨਹੀਂ ਸੀ ਕਿ ਜਿੰਨ੍ਹਾ ਲੋਕਾਂ ਨੂੰ ਉਹ ਲਿਖ ਰਹੇ ਸਨ ਉਹ ਬਚਾਏ ਜਾ ਚੁੱਕੇ ਸਨ। ਪੌਲੁਸ ਨੇ ਗਲਾਤੀਆ ਦੇ ਲੋਕਾਂ ਨੂੰ ਦੱਸਿਆ, ''ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤਰ ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ'' (ਗਲਾਤੀਆਂ 3:26, 27)। ਕੁਲੁੱਸੀਆਂ ਦੇ ਨਾਂਅ ਪੱਤਰੀ ਵਿਚ ਉਸਨੇ ਲਿਖਿਆ ''ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ ਪੁਚਾ ਦਿੱਤਾ। ਉਸ ਦੇ ਵਿਚ ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ'' (ਕੁਲੁੱਸੀਆਂ 1:13, 14)। ਪਤਰਸ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਦੇ ਨਾਂਅ ਉਹਨੇ ਲਿਖਿਆ ਉਹ ''ਨਵੇਂ ਸਿਰਿਓਂ ਜਨਮ'' ਪਾਏ ਹੋਏ ਲੋਕ ਸਨ (1 ਪਤਰਸ 1:3) ਅਤੇ ਬਾਅਦ ਵਿਚ ਲਿਖਿਆ ''ਸਤ ਦੇ ਅਧੀਨ ਹੋ ਕੇ ... ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ'' (1 ਪਤਰਸ 1:22, 23)। ਯੂਹੰਨਾ ਨੇ ਲਿਖਿਆ, ''ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ! ...'' (1 ਯੂਹੰਨਾ 3:1)।

ਜੇ ਨਵੇਂ ਨੇਮ ਦੇ ਮਸੀਹੀ ਲੋਕਾਂ ਨੂੰ ਇਹ ਉਮੀਦ ਮਿਲੀ ਸੀ ਕਿ ਉਹ ਬਚਾਏ ਜਾ ਚੁੱਕੇ ਹਨ ਤਾਂ ਸਾਨੂੰ ਵੀ ਉਹੀ ਉਮੀਦ ਮਿਲਣੀ ਚਾਹੀਦੀ ਹੈ। ਜੇ ਅਸੀਂ ਇੰਜੀਲ ਦਾ ਹੁਕਮ ਮੰਨਿਆ ਹੈ, ਭਾਵ ਜੇ ਅਸੀਂ ਨਿਹਚਾ ਕਰਕੇ, ਤੌਬਾ ਕੀਤੀ, ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕੀਤਾ ਹੈ ਅਤੇ ਪਾਪਾਂ ਦੀ ਮਾਫ਼ੀ ਲਈ ਡੁਬਕੀ ਲਈ ਹੈ, ਤਾਂ ਬਿਨਾਂ ਕਿਸੇ ਸ਼ੱਕ ਦੇ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਅਸੀਂ ਬਚਾਏ ਗਏ ਹਾਂ! ਅਸੀਂ ਕਹਿ ਸਕਦੇ ਹਾਂ ਕਿ ਮੈਂ ਬਚਾਇਆ ਗਿਆ ਹਾਂ। ਮੈਂ ਨਵੇਂ ਸਿਰਿਓਂ ਪੈਦਾ ਹੋਇਆ ਹਾਂ। ਮੈਂ ਖ਼ੁਦਾ ਦੀ ਸੰਤਾਨ ਬਣ ਗਿਆ ਹਾਂ। ਮੈਂ ਕਲੀਸੀਆ ਦਾ ਮੈਂਬਰ ਅਤੇ ਖੁਦਾ ਦੇ ਰਾਜ ਦਾ ਸ਼ਹਿਰੀ ਬਣ ਗਿਆ ਹਾਂ।

ਉਸ ਖ਼ਾਸ ਘਟਨਾ ਤੇ ਧਿਆਨ ਦੁਆਉਣ ਦੇ ਯੋਗ ਬਣ ਕੇ ਜਦ ਅਸੀਂ ਹੁਕਮ ਮੰਨਣ ਲਈ ਕੀਤਾ ਸੀ ਸਾਨੂੰ ਅਸਲ ਵਿਚ ਉਨ੍ਹਾਂ ਲੋਕਾਂ ਨਾਲੋਂ ਵਧ ਕੇ ਕੁਝ ਫ਼ਾਇਦਾ ਮਿਲਦਾ ਹੈ ਜੋ ਇਹ ਮੰਨਦੇ ਹਨ ਕਿ ਲੋਕ ''ਨਿਰ੍ਹੇ ਵਿਸ਼ਵਾਸ'' ਨਾਲ ਬਚਾਏ ਜਾਂਦੇ ਹਨ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਮਸੀਹ ਨੂੰ ਕਬੂਲ ਕਰਦਿਆਂ ਹੀ ਜਾਂ ''ਆਪਣੇ ਦਿਲ ਵਿਚ ਮਸੀਹ ਨੂੰ ਆਉਣ'' ਦੇਣ ਦੀ ਇਜਾਜ਼ਤ ਦਿੰਦਿਆਂ ਹੀ ਆਦਮੀ ਬਚਾਇਆ ਜਾਂਦਾ ਹੈ। ਪਰ ਉਨ੍ਹਾਂ ਕੋਲ ਬਚਾਏ ਜਾਣ ਦਾ ਇੱਕੋ ਸਬੂਤ ਇਹ ਹੈ ਕਿ ਉਹ ਉਸ ਪਲ ਨੂੰ ਜਿਸ ਵਿਚ ਉਨ੍ਹਾਂ ਨੇ ''ਮਸੀਹ ਨੂੰ ਕਬੂਲ ਕੀਤਾ'' ਸੀ, ਆਪਣੇ ਬਚਾਏ ਜਾਣ ਦੇ ਪਲ ਦੇ ਰੂਪ ਵਿਚ ਯਾਦ ਕਰਦੇ ਹਨ। ਇਸ ਕਰਕੇ ਬਾਅਦ ਵਿਚ ਪਾਪ ਕਰਨ ਤੇ ਸ਼ੱਕ ਹੋਣਾ ਅਸਾਨ ਹੈ ਕਿ ਉਹ ਬਚਾਏ ਗਏ ਵੀ ਹਨ ਜਾਂ ਨਹੀਂ।

ਪਰ ਇਹ ਯਕੀਨ ਜਾਣਨ ਲਈ ਕਿ ਅਸੀਂ ਸਚਮੁਚ ''ਮਸੀਹ ਨੂੰ ਆਪਣੇ ਦਿਲਾਂ ਵਿਚ ਕਬੂਲ ਕਰ ਲਿਆ'' ਹੈ, ਅਸੀਂ ਧੁੰਦਲੀ ਜਿਹੀ ਯਾਦ ਤੇ ਨਿਰਭਰ ਨਹੀਂ ਹਾਂ; ਸਾਨੂੰ ਸਿਰਫ਼ ਐਨਾ ਹੀ ਯਾਦ ਰੱਖਣ ਦੀ ਲੋੜ ਹੈ ਕਿ ਆਪਣੀ ਜ਼ਿੰਦਗੀ ਦੀ ਕਿਸ ਤਰੀਕ ਨੂੰ ਅਸੀਂ ਮਸੀਹ ਵਿਚ ਬਪਤਿਸਮਾ ਲਿਆ ਸੀ ਅਤੇ ਬਚਾਏ ਗਏ ਸਾਂ। ਇਸ ਕਰਕੇ ਨਵੇਂ ਨੇਮ ਦੀ ਸਿੱਖਿਆ ਮੁਤਾਬਿਕ ਅਸੀਂ ਇੰਜੀਲ ਦੀ ਗੱਲ ਮੰਨਣ ਵੇਲੇ ਬਚਾਏ ਗਏ ਸਾਂ, ਬਾਈਬਲ ਤੋਂ ਬਾਹਰ ਦੇ ਵਿਚਾਰ ਨਾਲੋਂ ਕਿ ਅਸੀਂ ''ਮਸੀਹ ਨੂੰ ਕਬੂਲ ਕਰਨ'' ਜਾਂ ''ਮਸੀਹ ਨੂੰ ਆਪਣੇ ਦਿਲ ਵਿਚ ਜਗ੍ਹਾ ਦੇਣ'' ਵੇਲੇ ਬਚਾਏ ਜਾਂਦੇ ਹਾਂ, ਕਿਤੇ ਵੱਧ ਹੈ।

ਦੂਜਾ, ਅਸੀਂ ਉਮੀਦ ਕਰ ਸਕਦੇ ਹਾਂ ਕਿ ਸਾਨੂੰ ਯਕੀਨ ਹੈ ਕਿ ਅਸੀਂ ਬਚਾਏ ਜਾ ਰਹੇ ਹਾਂ। ਸਾਨੂੰ ਇਹ ਮੰਨਣਾ ਪਵੇਗਾ, ਕਿਉਂਕਿ ਸਾਡਾ ਮੰਨਣਾ ਹੈ ਕਿ ਮਸੀਹੀ ਆਦਮੀ ਕਿਰਪਾ ਤੋਂ ਡਿੱਗ ਸਕਦਾ

ਹੈ, ਇਸ ਕਰਕੇ ਪੂਰਾ ਯਕੀਨ ਹੋਣਾ ਕਿ ਅਸੀਂ ਪਿਛਲੇ ਕਿਸੇ ਸਮੇਂ ਬਚਾਏ ਗਏ ਸਾਂ, ਸਾਨੂੰ ਅੱਜ ਕਿਸੇ ਤਰ੍ਹਾਂ ਦੀ ਅਜਿਹੀ ਕੋਈ ਉਮੀਦ ਨਹੀਂ ਦਿੰਦਾ ਜਿਸ ਦੀ ਸਾਨੂੰ ਲੋੜ ਹੈ। ਆਖ਼ਰ ਹੋ ਸਕਦਾ ਹੈ ਕਿ ਅਸੀਂ ਅਖ਼ੀਰ ਵਿਚ ਬਚਾਏ ਗਏ ਹੋਈਏ ਪਰ ਹੁਣ ਨਾਸ ਹੋ ਗਏ ਹੋਈਏ। ਅਸੀਂ ਕਿਵੇਂ ਯਕੀਨ ਕਰ ਸਕਦੇ ਹਾਂ ਕਿ ਹੁਣ ਅਸੀਂ ਬਚਾਏ ਗਏ ਹਾਂ। ਦੋ ਕਾਰਣਾਂ ਕਰਕੇ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਅੱਜ ਅਸੀਂ ਬਚਾਏ ਗਏ ਹਾਂ।

ਖ਼ੁਦਾ ਵੱਲੋਂ ਸਾਨੂੰ ਵਫ਼ਾਦਾਰ ਰੱਖਣ ਵਿਚ ਕੀਤੇ ਕਈ ਕੰਮਾਂ ਕਰਕੇ ਅਸੀਂ ਉਮੀਦ ਕਰ ਸਕਦੇ ਹਾਂ। ਖ਼ੁਦਾ ਨਹੀਂ ਚਾਹੁੰਦਾ ਕਿ ਅਸੀਂ ਉਸ ਤੋਂ ਫਿਰ ਜਾਈਏ। ਇਸ ਕਰਕੇ ਉਹ ਸਾਨੂੰ ਵਫ਼ਾਦਾਰ ਬਣੇ ਰਹਿਣ ਲਈ ਹਰ ਜ਼ਰੂਰੀ ਚੀਜ਼ ਦਿੰਦਾ ਹੈ। ਉਸਨੇ ਆਪਣੇ ਬੱਚਿਆਂ ਨੂੰ ਦਿੱਤਾ ਹੈਃ

ਇਕ ਪ੍ਰੇਮੀ ਪਿਤਾ। ''ਵੇਖੋ, ਪਿਤਾ ਨੇ ਸਾਡੇ ਨਾਲ ਕਿਹਾ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ! ...'' (1 ਯੂਹੰਨਾ 3ਃ1)।

ਸਾਡੀ ਸਿਫ਼ਾਰਸ਼ ਲਈ ਇਕ ਸਹਾਇਕ। ''... ਅਤੇ ਜੇ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡਾ ਇਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ'' (1 ਯੂਹੰਨਾ 2ਃ1)। ਮਸੀਹ ਪਿਤਾ ਦੇ ਨਾਲ ਸਾਡਾ ਵਿਚੋਲਾ ਹੈ (1 ਤਿਮੋਥਿਉਸ 2ਃ5)।

ਇਕ ਪਵਿੱਤਰ ਮਹਿਮਾਨ। ''ਅਤੇ ਤੁਸੀਂ ਜੋ ਪੁੱਤਰ ਹੋ ਇਸੇ ਕਾਰਣ ਪਰਮੇਸ਼ੁਰ ਨੇ ਆਪਣੇ ਪੁੱਤਰ ਦੇ ਆਤਮਾ ਨੂੰ ਸਾਡੇ ਦਿਲਾਂ ਵਿਚ ਘੱਲ ਦਿੱਤਾ ਜਿਹੜਾ 'ਅੱਬਾ', ਅਰਥਾਤ 'ਹੇ ਪਿਤਾ' ਪੁਕਾਰਦਾ ਹੈ'' (ਗਲਾਤੀਆਂ 4ਃ6; ਤੁਲਨਾ ਰਸੂਲਾਂ ਦੇ ਕੰਮ 2ਃ38; 5ਃ32)। ਪਵਿੱਤਰ ਆਤਮਾ ਦਾ ਵਾਸ ਸਾਡੀ ਮੀਰਾਸ ਦੇ ਬਿਆਨੇ ਦੇ ਰੂਪ ਵਿਚ (ਅਫ਼ਸੀਆਂ 1ਃ13, 14), ਸਾਨੂੰ ਮਜ਼ਬੂਤ ਕਰਨ ਲਈ (ਅਫ਼ਸੀਆਂ 3ਃ16) ਅਤੇ ਸਾਨੂੰ ਆਤਮਾ ਦਾ ਫਲ ਦੇਣ ਦੇ ਯੋਗ ਬਣਾਉਣ ਲਈ ਦਿੱਤਾ ਗਿਆ (ਗਲਾਤੀਆਂ 5ਃ22, 23)।

ਦਲੇਰ ਕਰਨ ਵਾਲੀ ਗੱਲ। ਖ਼ੁਦਾ ਨੇ ਸਾਨੂੰ ਕਲੀਸੀਆ ਵਿਚ ਰਲਾਇਆ ਹੈ (ਰਸੂਲਾਂ ਦੇ ਕੰਮ 2ਃ47), ਜੋ ਨਿਹਚਾ ਕਰਨ ਵਾਲਿਆਂ ਦੀ ਸੰਗਤੀ ਹੈ ਜਾਂ ਇਸ ਦੇ ਲੋਕਾਂ ਦੇ ਵਫ਼ਾਦਾਰ ਬਣੇ ਰਹਿਣ ਵਿਚ ਮਦਦ ਕਰ ਸਕਦੀ ਹੈ। ਕਲੀਸੀਆ ਵਿਚ ਅਸੀਂ ''ਆਪਸ ਵਿਚ ਇਕੱਠੇ ਹੋ ਕੇ ਪ੍ਰੇਮ ਅਰ ਸ਼ੁਭ ਕਰਮਾਂ ਲਈ ਉਭਾਰਨ ਨੂੰ ਇਕ ਦੂਏ ਦਾ ਧਿਆਨ ਰੱਖ ਕੇ ਅਤੇ ਆਪਸ ਵਿੱਚੀਂ ਇਕੱਠੇ ਹੋਣ ਨੂੰ ਨਾ ਛੱਡ ਕੇ ਇਕ ਦੂਏ ਨੂੰ ਉਪਦੇਸ਼'' ਕਰਦੇ ਹਾਂ (ਇਬਰਾਨੀਆਂ 10ਃ24, 25)।

ਇਕ ਸਹਾਇਕ ਸੰਦੇਸ਼। ਬਾਈਬਲ ਵਿਚ ''ਪਰਮੇਸ਼ੁਰ ਅਰ ਉਹ ਦੀ ਕਿਰਪਾ ਦਾ ਵਚਨ'' ਹੈ ''ਜਿਹੜਾ ਤੁਹਾਨੂੰ ਸਿੱਧ ਬਣਾ ਸਕਦਾ ਅਤੇ ਤੁਹਾਨੂੰ ਸਰਬੱਤ ਪਵਿੱਤਰ ਕੀਤਿਆਂ ਹੋਇਆ ਵਿਚ ਅਧਿਕਾਰ ਦੇ ਸੱਕਦਾ ਹੈ'' (ਰਸੂਲਾਂ ਦੇ ਕੰਮ 20ਃ32)। ਇਹ ਸਾਨੂੰ ਯਿਸੂ ਵਿਚ ਜ਼ਬਰਦਸਤ ਉਦਾਹਰਣ ਨਾਲ ਅਤੇ ਧਾਰਮਿਕ ਜ਼ਿੰਦਗੀ ਲਈ ਸ਼ਕਤੀਸ਼ਾਲੀ ਪ੍ਰੇਰਣਾ ਦੇ ਕੇ ਸਾਫ਼ ਹਦਾਇਤਾਂ ਦਿੰਦਾ ਹੈ।

ਸੁਰਗੀ ਸੇਵਕ। ਫ਼ਰਿਸ਼ਤੇ ''ਸੇਵਾ ਕਰਨ ਵਾਲੇ ਆਤਮੇ ਹਨ ਜਿਹੜੇ ਮੁਕਤੀ ਦਾ ਵਿਰਸਾ ਪਾਉਣ ਵਾਲਿਆਂ ਦੀ ਸੇਵਾ ਲਈ ਘੱਲੇ ਜਾਂਦੇ ਹਨ'' (ਇਬਰਾਨੀਆਂ 1ਃ14)। ਇਹ ਵਿਰਸਾ ਪਾਉਣ ਵਾਲੇ ਅਸੀਂ ਹੀ ਹਾਂ! ਫ਼ਰਿਸ਼ਤੇ ਸਾਡੀ ਸੇਵਾ ਕਰਦੇ ਹਨ।

ਦੁਆ ਦੀ ਖੁਸ਼ਕਿਸਮਤੀ। ਯਿਸੂ ਸਾਨੂੰ ਕਹਿੰਦਾ ਹੈ, ''ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਡੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ'' (ਮੱਤੀ 7ਃ7; ਤੁਲਨਾ 1 ਯੂਹੰਨਾ 5ਃ15)। ਮਸੀਹੀ ਲੋਕਾਂ ਨੂੰ ਦੁਆ ਦਾ ਜਵਾਬ ਦਿੱਤੇ ਜਾਣ ਦਾ ਵਾਅਦਾ ਦਿੱਤਾ ਗਿਆ ਹੈ!

ਬੇਸ਼ਕੀਮਤੀ ਵਾਅਦੇ। ਖ਼ੁਦਾ ਨੇ ਸਾਨੂੰ ਦਲੇਰ ਕਰਨ ਅਤੇ ਉਨ੍ਹਾਂ ਵਿਚ ਵਫ਼ਾਦਾਰ ਬਣੇ ਰਹਿਣ ਲਈ ਵਾਅਦੇ ਦਿੱਤੇ ਹਨ, ਜਿਨ੍ਹਾਂ ਵਿਚ ਇਹ ਵਾਅਦਾ ਵੀ ਹੈ ਕਿ ਸਭ ਗੱਲਾਂ ਮਿਲ ਕੇ ਮਸੀਹੀ ਲੋਕਾਂ ਦਾ ਭਲਾ ਹੀ ਕਰਦੀਆਂ ਹਨ (ਰੋਮੀਆਂ 8ਃ28), ਖ਼ੁਦਾ ਸਾਨੂੰ ਸਾਡੀ ਤਾਕਤ ਨਾਲੋਂ ਵੱਧ ਅਜ਼ਮਾਇਸ਼

ਵਿਚ ਨਹੀਂ ਪੈਣ ਦੇਵੇਗਾ (1 ਕੁਰਿੰਥੀਆਂ 10:13), ਅਤੇ ਇਹ ਕਿ ਦੁਨੀਆਂ ਦੀ ਕੋਈ ਚੀਜ਼ ਸਾਨੂੰ ਖ਼ੁਦਾ ਦੇ ਪਿਆਰ ਤੋਂ ਅੱਡ ਨਹੀਂ ਕਰ ਸਕਦੀ (ਰੋਮੀਆਂ 8:35–39)।

ਸਾਨੂੰ ਉਮੀਦ ਹੋ ਸਕਦੀ ਹੈ ਕਿਉਂਕਿ ਜਦ ਅਸੀਂ ਖ਼ੁਦਾ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰ ਪਾਉਂਦੇ ਤਾਂ ਉਹ ਸਾਡੀ ਮਾਫ਼ੀ ਲਈ ਉਪਾਅ ਕਰਦਾ ਹੈ।

ਇਕ ਅਰਥ ਵਿਚ, ਸਾਡੀ ਮੁਕਤੀ ਸਾਡੇ ਉੱਤੇ ਹੀ ਨਿਰਭਰ ਕਰਦੀ ਹੈ। ਖ਼ੁਦਾ ਦੀ ਮਰਜ਼ੀ ਨੂੰ ਪੂਰਾ ਕਰਨ ਲਈ ਸਾਨੂੰ ਪੂਰੀ ਕੋਸ਼ਿਸ਼ ਕਰਨੀ ਜ਼ਰੂਰੀ ਹੈ। ਪਰ ਭਲਾ ਇਹਦਾ ਮਤਲਬ ਇਹ ਹੋਇਆ ਕਿ ਅਸੀਂ ਆਪਣੀ ਤਾਕਤ ਜਾਂ ਕਾਬਲੀਅਤ ਨਾਲ ਮਸੀਹੀ ਬਣੇ? ਨਹੀਂ। ਕਿਉਂਕਿ ਖ਼ੁਦਾ ਸਾਡੇ ਲਈ ਅਜਿਹੀ ਮਦਦ ਮੁਹੱਈਆ ਕਰਾਉਂਦਾ ਹੈ ਜਿਸ ਨਾਲ ਅਸੀਂ ਜੋਸ਼ ਵਿਚ ਆ ਸਕਦੇ ਹਾਂ, ਮਿਹਨਤ ਕਰੀਏ ਅਤੇ ਵਫ਼ਾਦਾਰ ਬਣੇ ਰਹੀਏ।

ਪਰ ਸਾਡਾ ਇਹ ਭਰੋਸਾ ਸਿਰਫ਼ ਸਾਡੇ ਵਫ਼ਾਦਾਰ ਰਹਿਣ ਲਈ ਕੀਤੇ ਗਏ ਖੁਦਾ ਦੇ ਉਪਾਵਾਂ ਤੇ ਹੀ ਨਹੀਂ ਬਲਕਿ ਇਸ ਤੱਥ ਤੇ ਵੀ ਅਧਾਰਤ ਹੈ ਕਿ ਖ਼ੁਦਾ ਨੇ ਸਾਡੇ ਪਾਪਾਂ ਦੀ ਮਾਫ਼ੀ ਲਈ ਉਸ ਸਮੇਂ ਉਪਾਅ ਕੀਤਾ ਜਦ ਅਸੀਂ ਉਸਦੀ ਮਰਜ਼ੀ ਨੂੰ ਪੂਰਾ ਨਹੀਂ ਕਰ ਸਕਦੇ ਸਾਂ। ਖ਼ਾਸ ਤੌਰ ਤੇ ਸਾਨੂੰ ਇਹ ਵਾਅਦਾ ਦਿੱਤਾ ਗਿਆ ਹੈ ਕਿ ਯਿਸੂ ਦਾ ਲਹੂ ਸਾਡਾ ਪਾਪਾਂ ਨੂੰ ਧੋਂਦਾ ਹੈ: ''ਪਰ ਜੇ ਅਸੀਂ ਚਾਨਣ ਵਿਚ ਚੱਲੀਏ ਜਿਵੇਂ ਉਹ ਚਾਨਣ ਵਿਚ ਹੈ ਤਾਂ ਸਾਡੀ ਆਪੋ ਵਿਚ ਸੰਗਤ ਹੈ ਅਤੇ ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ'' (1 ਯੂਹੰਨਾ 1:7)। ਅਸੀਂ ਆਪਣੇ ਬਚਾਏ ਜਾਣ ਬਾਰੇ ਯਕੀਨ ਨਾਲ ਕਹਿ ਸਕਦੇ ਹਾਂ, ਇਸ ਕਰਕੇ ਨਹੀਂ ਕਿ ਸਾਡੀ ਜ਼ਿੰਦਗੀ ਵਿਚ ਕੋਈ ਪਾਪ ਨਹੀਂ, ਬਲਕਿ ਇਸ ਕਰਕੇ ਕਿ ਯਿਸੂ ਦਾ ਲਹੂ ਲਗਾਤਾਰ ਸਾਨੂੰ ਸਾਡੇ ਪਾਪਾਂ ਤੋਂ ਸ਼ੁੱਧ ਕਰਦਾ ਰਹਿੰਦਾ ਹੈ।

ਆਪਣੇ ਪਾਪ ਰਹਿਤ ਹੋਣ, ਪੂਰੀ ਤਰ੍ਹਾਂ ਨਾਲ ਖ਼ੁਦਾ ਦੀ ਸ਼ਰ੍ਹਾ ਨੂੰ ਮੰਨਣ ਲਈ ਅਸੀਂ ਆਪਣੀ ਧਾਰਮਿਕਤਾ ਤੇ ਨਿਰਭਰ ਨਹੀਂ ਹਾਂ। ਜੇ ਹੁੰਦੇ ਤਾਂ ਸਾਡੇ ਵਿੱਚੋਂ ਕੋਈ ਵੀ ਬਚਾਇਆ ਨਾ ਜਾਂਦਾ, ਕਿਉਂਕਿ ਸਾਡੇ ਵਿੱਚੋਂ ਕਿਸੇ ਦੀ ਵੀ ਜ਼ਿੰਦਗੀ ਪਾਪ ਤੋਂ ਸੱਖਣੀ ਨਹੀਂ ਹੈ! ਅਸੀਂ ਆਪਣੇ ਉੱਤੇ ਨਿਰਭਰ ਨਹੀਂ ਰਹਿ ਸਕਦੇ। ਮਾਫ਼ੀ ਲਈ ਸਾਨੂੰ ਖ਼ੁਦਾ ਤੇ ਹੀ ਨਿਰਭਰ ਰਹਿਣਾ ਪਵੇਗਾ। ਪਰ ਖ਼ੁਦਾ ਦਾ ਸ਼ੁਕਰ ਹੈ ਕਿ ਉਹ ਸਾਡੇ ਉੱਤੇ ਆਪਣਾ ਫ਼ਜ਼ਲ ਕਰਦਾ ਹੈ। ਰੌਸ਼ਨੀ ਵਿਚ ਚੱਲਦੇ ਰਹਿਣ ਕਰਕੇ ਖ਼ੁਦਾ ਦੇ ਫ਼ਜ਼ਲ ਅਤੇ ਯਿਸੂ ਦੇ ਲਹੂ ਦੇ ਰਾਹੀਂ ਅਸੀਂ ਬਚਾਏ ਜਾਂਦੇ ਰਹਿੰਦੇ ਹਾਂ।

ਇਸ ਸਭ ਤੋਂ ਕੀ ਭਾਵ ਹੈ? ਇਸ ਤੋਂ ਭਾਵ ਇਹ ਹੈ ਕਿ ਸਾਨੂੰ ਪਤਾ ਲਗ ਸਕਦਾ ਹੈ ਕਿ ਅਸੀਂ ਹੁਣੇ ਅਤੇ ਇੱਥੇ ਹੀ ਬਚਾਏ ਗਏ ਹਾਂ! ਇਹ ਵਿਚਾਰ ਕਿ ਤੁਸੀਂ ਕਦੇ ਨਹੀਂ ਕਹਿ ਸਕਦੇ ਕਿ ਤੁਸੀਂ ਬਚਾਏ ਗਏ ਹੋ, ਨਵੇਂ ਨੇਮ ਦਾ ਨਹੀਂ। ਯੂਹੰਨਾ ਨੇ ਲਿਖਿਆ ਹੈ, ''ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖੀਆਂ ਅਰਥਾਤ ਤੁਹਾਨੂੰ ਜਿਹੜੇ ਪਰਮੇਸ਼ੁਰ ਦੇ ਪੁੱਤਰ ਦੇ ਨਾਮ ਉੱਤੇ ਨਿਹਚਾ ਕਰਦੇ ਹੋ ਭਈ ਤੁਸੀਂ ਜਾਣੋ ਜੋ ਸਦੀਪਕ ਜੀਵਨ ਤੁਹਾਨੂੰ ਮਿਲਿਆ ਹੈ'' (1 ਯੂਹੰਨਾ 5:13)। ਜ਼ਾਹਿਰ ਹੈ ਕਿ ਇਹ ਵਾਅਦਾ ਬਿਨਾਂ ਸ਼ਰਤ ਦੇ ਨਹੀਂ ਹੈ। ਪਰ ਯੂਹੰਨਾ ਮੁਤਾਬਿਕ ਇਹ ਵੀ ਸਾਫ਼ ਹੈ ਕਿ ਅਸੀਂ ਜਾਣ ਸਕਦੇ ਹਾਂ ਕਿ ਹਮੇਸ਼ਾ ਦੀ ਜ਼ਿੰਦਗੀ ਸਾਡੀ ਹੈ! ਇਸ ਕਰਕੇ ਅਸੀਂ ਜਾਣ ਸਕਦੇ ਹਾਂ ਕਿ ਇਸ ਵਕਤ ਅਸੀਂ ਬਚਾਏ ਹੋਏ ਹਾਂ। ਜੇ ਤੁਹਾਨੂੰ ਕੋਈ ਪੁੱਛੇ ''ਤੁਸੀਂ ਬਚਾਏ ਗਏ ਹੋ?'' ਤਾਂ ਜੇ ਤੁਸੀਂ ਵਿਸ਼ਵਾਸ ਵਿਚ ਬਣੇ ਰਹਿ ਕੇ ਜ਼ਿੰਦਗੀ ਗੁਜ਼ਾਰਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹੋ, ਤਾਂ ਤੁਸੀਂ ਉਸ ਨੂੰ ਜਵਾਬ ਦੇ ਸਕਦੇ ਹੋ, ''ਮੈਂ ਜਾਣਦਾ ਹਾਂ ਕਿ ਮੈਂ ਬਚਾਇਆ ਜਾ ਗਿਆ ਹਾਂ!''

ਅਸੀਂ ਉਮੀਦ ਕਰ ਸਕਦੇ ਹਾਂ ਕਿਉਂਕਿ ਅਸੀਂ ਯਕੀਨ ਜਾਣ ਸਕਦੇ ਹਾਂ ਕਿ ਅਸੀਂ ਬਚਾਏ ਜਾਵਾਂਗੇ। ਜੇ ਅਸੀਂ ਮੰਨਦੇ ਵੀ ਹੋਈਏ ਕਿ ਹੁਣ ਅਸੀਂ ਬਚਾਏ ਗਏ ਹਾਂ ਤਾਂ ਅਸੀਂ ਇਹ ਯਕੀਨ ਨਾਲ ਨਹੀਂ ਕਹਿ ਸਕਦੇ ਕਿ ਅਨਾਦੀਕਾਲ ਵਿਚ ਬਚਾਏ ਜਾਵਾਂਗੇ ਯਾ ਨਹੀਂ। ਅਸੀਂ ਝਕਦੇ ਝਕਦੇ ਆਖਾਂਗੇ ਕਿ ਮੌਤ ਦੇ ਬਾਅਦ ਮੈਂ ਬਚਾਇਆ ਜਾਵਾਂਗਾ, ''ਮੈਂ ਸੁਰਗ ਵਿਚ ਜਾਵਾਂਗਾ, ਇਸ ਵਿਚ ਕੋਈ ਸ਼ੱਕ ਨਹੀਂ!''

ਆਪਣੇ ਹਮੇਸ਼ਾ ਲਈ ਬਚਾਏ ਜਾਣ ਬਾਰੇ ਪੌਲੁਸ ਨੂੰ ਕੋਈ ਸ਼ੱਕ ਨਹੀਂ ਸੀ। ਆਪਣੀ ਜ਼ਿੰਦਗੀ ਦੇ ਅੰਤ ਦੇ ਨੇੜੇ ਉਸ ਨੇ ਬੜੀ ਦਲੇਰੀ ਨਾਲ ਕਿਹਾ ਸੀ:

> ... ਮੇਰੇ ਕੂਚ ਦਾ ਨਗਾਰਾ ਵੱਜਣ ਲੱਗਾ ਹੈ। ਮੈਂ ਅੱਛੀ ਲੜਾਈ ਲੜ ਚੁੱਕਾ ਹਾਂ, ਮੈਂ ਦੌੜ ਮੁਕਾ ਛੱਡੀ, ਮੈਂ ਨਿਹਚਾ ਦੀ ਸਾਂਭ ਕੀਤੀ ਹੈ। ਹੁਣ ਤੋਂ ਧਰਮ ਦਾ ਮੁਕਟ ਮੇਰੇ ਲਈ ਰੱਖਿਆ ਹੋਇਆ ਹੈ ਜਿਹੜਾ ਪ੍ਰਭੂ ਜੋ ਧਰਮੀ ਹੈ ਉਸ ਦਿਨ ਮੈਨੂੰ ਦੇਵੇਗਾ ਅਤੇ ਕੇਵਲ ਮੈਨੂੰ ਹੀ ਨਹੀਂ ਸਗੋਂ ਓਹਨਾਂ ਨੂੰ ਵੀ ਜਿਨ੍ਹਾਂ ਉਹ ਦੇ ਪਰਕਾਸ਼ ਹੋਣ ਨੂੰ ਪਿਆਰਾ ਜਾਣਿਆ (2 ਤਿਮੋਥਿਉਸ 4:6–8)।

ਧਿਆਨ ਦਿਓ ਕਿ ਪੌਲੁਸ ਨੇ ਇਹ ਨਹੀਂ ਕਿਹਾ ਕਿ ਉਸ ਨੂੰ ਸਿਰਫ਼ ਆਪਣੇ ਲਈ ਦਲੇਰੀ ਹੈ। ਬਲਕਿ ਉਸ ਨੇ ਕਿਹਾ ਕਿ ''ਉਨ੍ਹਾਂ ਸਭਨਾ ਨੂੰ ਵੀ ਜਿਨ੍ਹਾਂ ਉਹਦੇ ਪਰਕਸ਼ ਹੋਣ ਨੂੰ ਪਿਆਰਾ ਜਾਣਿਆ'' ਹਮੇਸ਼ਾ ਦੀ ਉਮੀਦ ਮਿਲ ਸਕਦੀ ਹੈ।

ਪਰ ਸੁਰਗ ਵਿਚ ਜਾਣ ਦੀ ਗੱਲ ਅਸੀਂ ਐਨੇ ਯਕੀਨ ਨਾਲ ਕਿਵੇਂ ਕਹਿ ਸਕਦੇ ਹਾਂ? ਭਲਾ ਹਮੇਸ਼ਾ ਦੀ ਜ਼ਿੰਦਗੀ ਦੀ ਉਮੀਦ ਪਾਉਣ ਤੋਂ ਪਹਿਲਾਂ ਸਾਡੀ ਜ਼ਿੰਦਗੀ ਪਾਪ ਰਹਿਤ ਹੋ ਗਈ ਹੋਵੇਗੀ? ਜੇ ਅਜਿਹਾ ਹੋਵੇ ਤਾਂ ਸਾਨੂੰ ਕੋਈ ਉਮੀਦ ਕਿਵੇਂ ਮਿਲ ਸਕਦੀ ਹੈ, ਕਿਉਂਕਿ ਅਸੀਂ ਸਭ ਤਾਂ ਪਾਪ ਕਰਦੇ ਹਾਂ? ਸੁਰਗ ਵਿਚ ਜਾਣ ਦੀ ਉਮੀਦ ਦਾ ਇੱਕੋ ਇਕ ਤਰੀਕਾ ਖ਼ੁਦਾ ਦੀ ਕਿਰਪਾ ਜਾਂ ਉਸ ਦਾ ਫ਼ਜ਼ਲ ਹੈ। ਉਦਾਹਰਣ ਲਈ, ਪੌਲੁਸ ਨੇ ਉਨੇਸਿਫ਼ੁਰੁਸ ਨਾਮ ਦੇ ਇਕ ਆਦਮੀ ਬਾਰੇ ਕਿਹਾ, ''ਪ੍ਰਭੂ ਉਨੇਸਿਫ਼ੁਰੁਸ ਦੇ ਘਰ ਉੱਤੇ ਰਹਿਮ ਕਰੇ ਕਿਉਂ ਜੋ ਉਹ ਨੇ ਬਹੁਤ ਵਾਰੀ ਮੈਨੂੰ ਤਾਜ਼ਾ ਦਮ ਕੀਤਾ ... ਪ੍ਰਭੂ ਉਹ ਨੂੰ ਇਹ ਦਾਨ ਕਰੇ ਭਈ ਓਸ ਦਿਨ ਪ੍ਰਭੂ ਵੱਲੋਂ ਉਹ ਨੂੰ ਰਹਿਮ ਪਰਾਪਤ ਹੋਵੇ'' (2 ਤਿਮੋਥਿਉਸ 1:16, 18)। ਉਨੇਸਿਫ਼ੁਰੁਸ ਦੇ ਐਨਾ ਭਲਾ ਹੋਣ ਦੇ ਬਾਵਜੂਦ ਪ੍ਰਭੂ ਦੇ ਦਿਨ ਕਿਰਪਾ ਜਾਂ ਰਹਿਮ ਦੀ ਲੋੜ ਹੋਵੇਗੀ। ਸਭ ਨੂੰ ਇਵੇਂ ਹੀ ਪ੍ਰਭੂ ਦੀ ਕਿਰਪਾ ਦੀ ਲੋੜ ਹੋਵੇਗੀ। ਚੰਗੀ ਖ਼ਬਰ ਇਹ ਹੈ ਕਿ ਜਿਵੇਂ ਉਨੇਸਿਫ਼ੁਰੁਸ ਉੱਤੇ ਪ੍ਰਭੂ ਦੀ ਦਯਾ ਹੋਣੀ ਸੀ ਉਵੇਂ ਹੀ ਉਸ ਵੱਡੇ ਦਿਨ ਸਾਡੇ ਤੇ ਵੀ ਰਹਿਮ ਹੋਵੇ! ਮਸੀਹ ਲਈ ਅਸੀਂ ਜੋ ਵੀ ਕੁਝ ਕਰ ਸਕਦੇ ਹਾਂ ਉਹ ਸਭ ਕਰਨ ਦੇ ਬਾਵਜੂਦ ਅਸੀਂ ਨਿਕੰਮੇ ਦਾਸ ਹੀ ਹਾਂ। ਸਾਡੇ ਅੰਦਰ ਫਿਰ ਵੀ ਕਮੀ ਰਹਿ ਹੀ ਜਾਵੇਗੀ, ਪਰ ਉਸ ਕਮੀ ਨੂੰ ਖ਼ੁਦਾ ਦੀ ਕਿਰਪਾ ਜਾਂ ਫ਼ਜ਼ਲ ਨਾਲ ਦੂਰ ਕੀਤਾ ਜਾ ਸਕੇਗਾ।

## ਸਾਰ

ਭਲਾ ''ਯਿਸੂ ਹੈ ਮੇਰਾ ਕੈਸਾ ਖੁਸ਼ਹਾਲ'' ਗੀਤ ਗਾ ਕੇ ਅਸੀਂ ਸਚਮੁਚ ਦਲੇਰੀ ਪਾ ਸਕਦੇ ਹਾਂ, ਭਾਵੇ ਇਹ ਸਾਡਾ ਵਿਸ਼ਵਾਸ ਹੋਵੇ ਕਿ ਇਕ ਮਸੀਹੀ ਆਦਮੀ ਕਿਰਪਾ ਤੋਂ ਡਿੱਗ ਸਕਦਾ ਹੈ? ਬੇਸ਼ੱਕ ਅਸੀਂ ਗਾ ਸਕਦੇ ਹਾਂ ਕਿ ਬੀਤੇ ਸਮੇਂ ਵਿਚ ਅਸੀਂ ਬਚਾਏ ਗਏ ਸਾਂ, ਹਰ ਰੋਜ਼ ਅਸੀਂ ਬਚਾਏ ਜਾ ਰਹੇ ਹਾਂ ਅਤੇ ਸੁਰਗ ਵਿਚ ਹਮੇਸ਼ਾ ਲਈ ਬਚਾਏ ਜਾਵਾਂਗੇ।

ਇਹਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਆਪਣੇ ਬਚਾਏ ਜਾਣ ਪ੍ਰਤੀ ਬੇਪਰਵਾਹ ਹੋ ਜਾਈਏ। ਸਾਨੂੰ ਅਜੇ ਵੀ ਚਾਨਣ ਵਿਚ ਚੱਲਣ (1 ਯੂਹੰਨਾ 1:7), ਆਪਣੇ ਸੱਦੇ ਜਾਣ ਅਤੇ ਚੁਣੇ ਹੋਣ ਨੂੰ ਪੱਕਾ ਕਰਨ ਦੀ ਕੋਸ਼ਿਸ਼ ਕਰਦਿਆਂ (2 ਪਤਰਸ 1:10), ਬਹੁਤ ਵਫ਼ਾਦਾਰ ਬਣੇ ਰਹਿਣ ਦੀ ਪੂਰੀ ਕੋਸ਼ਿਸ਼ ਕਰਨੀ (ਪ੍ਰਕਾਸ਼ ਦੀ ਪੋਥੀ 2:10) ਲਾਜ਼ਮੀ ਹੈ। ਜਿਹੜਾ ਮਸੀਹੀ ਇਸ ਦੁਨੀਆ ਵਿਚ ਵਾਪਸ ਚਲਿਆ ਗਿਆ ਹੈ ਜਾਂ ਢਿੱਲਾ ਪੈ ਗਿਆ ਹੈ ਉਹ ਵਚਨ ਵਿੱਚੋਂ ਕਿਸੇ ਵੀ ਤਰ੍ਹਾਂ ਦੀ ਉਮੀਦ ਨਹੀਂ ਪਾ ਸਕਦਾ, ਜਿਸ ਤੇ ਅਸੀਂ ਵਿਚਾਰ ਕੀਤਾ ਹੈ।

ਪਰ ਜੇ ਮਸੀਹੀ ਪੂਰੀ ਕੋਸ਼ਿਸ਼ ਕਰ ਰਹੇ ਹਨ ਤਾਂ ਖੁਦਾ ਦੀ ਸੰਤਾਨ ਹੋਣ ਕਰਕੇ ਤੁਹਾਡੇ ਲਈ ਉਹ ਬਹੁਤ ਵੱਡੀ ਉਮੀਦ ਹੈ।

ਮੈਂ ਇਸ ਨੂੰ ਇਸ ਤਰ੍ਹਾਂ ਸਮਝਾਉਂਦਾ ਹਾਂ: ਜਦ ਮੈਂ ਛੋਟਾ ਬੱਚਾ ਸਾਂ ਤਾਂ ਆਪਣੇ ਪਿਤਾ ਦੇ ਨੇੜੇ ਤੇੜੇ ਹੋਣ ਤੇ ਮੈਨੂੰ ਕੋਈ ਡਰ ਨਹੀਂ ਹੁੰਦਾ ਸੀ। ਉਨ੍ਹਾਂ ਦਾ ਕਦ ਛੇ ਫੁੱਟ ਤੋਂ ਥੋੜ੍ਹਾ ਜਿਹਾ ਘੱਟ ਅਤੇ ਵਚਨ 135 ਪੌਂਡ ਸੀ, ਮੇਰੇ ਲਈ ਉਹ ਕੋਈ ਵੀ ਪਰੇਸ਼ਾਨੀ ਝੱਲ ਸਕਦੇ ਹਨ ਅਤੇ ਖ਼ਤਰਾ ਮੁੱਲ ਲੈ ਸਕਦੇ ਸਨ। ਇਹਦੇ ਇਲਾਵਾ ਮੈਨੂੰ ਪਤਾ ਸੀ ਕਿ ਉਹ ਮੈਨੂੰ ਪਿਆਰ ਕਰਦੇ ਹਨ ਅਤੇ ਜੋ ਕੁਝ ਵੀ ਮੇਰੀ ਭਲਿਆਈ ਲਈ ਜ਼ਰੂਰੀ ਹੋਵੇ, ਉਹ ਕਰਨਗੇ। ਜਿਸ ਕਰਕੇ ਡੈਡੀ ਨਾਲ ਰਹਿੰਦਿਆਂ ਮੈਨੂੰ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ ਸੀ। ਇਹਦੇ ਇਲਾਵਾ ਮੇਰੇ ਅੰਦਰ ਇਕ ਅਜੀਬ ਜਿਹੀ ਦਲੇਰੀ ਦਾ ਅਹਿਸਾਸ ਹੁੰਦਾ ਸੀ। ਵੱਡਾ ਹੋਣ ਤੇ ਵੀ ਮੈਂ ਡੈਡੀ ਨੂੰ ਸ਼ਕਤੀ ਦੇ ਅਜਿਹੇ ਖੰਭੇ ਦੇ ਰੂਪ ਵਿਚ ਮੰਨਦਾ ਸਾਂ ਜਿਸ ਤੇ ਮੈਂ ਭਰੋਸਾ ਕਰ ਸਕਦਾ ਸਾਂ। ਬਾਕੀ ਸਭ ਕੁਝ ਬਦਲ ਜਾਣ ਦੇ ਬਾਵਜੂਦ ਉਨ੍ਹਾਂ ਨਾਲ ਜੁੜ ਕੇ, ਉਨ੍ਹਾਂ ਦੀਆਂ ਕਦਰਾਂ, ਅਤੇ ਮੇਰੀ ਜ਼ਿੰਦਗੀ ਵਿਚ ਉਨ੍ਹਾਂ ਦਾ ਪਿਆਰ ਬਿਲਕੁਲ ਉਹੀ ਸੀ। ਇਸ ਨਾਲ ਮੈਨੂੰ ਦਲੇਰੀ ਮਿਲਦੀ ਹੈ। ਬੇਸ਼ੱਕ ਉਸ ਪਿਆਰ ਅਤੇ ਦੇਖਭਾਲ ਵਿਚ ਅਨੁਸ਼ਾਸਨ ਸੀ। ਪਰ ਮੈਨੂੰ ਪਤਾ ਸੀ ਕਿ ਮੇਰੀ ਹਰ ਗਲਤੀ ਦੀ ਮਾਫ਼ੀ ਮਿਲ ਜਾਵੇਗੀ। ਇਸ ਤੇ ਮੇਰਾ ਭਰੋਸਾ ਵੀ ਸੀ। ਮੈਨੂੰ ਪਤਾ ਹੁੰਦਾ ਸੀ ਕਿ ਜੇ ਮੈਂ ਸਹੀ ਰਸਤੇ ਤੋਂ ਬਹੁਤ ਦੂਰ ਭਟਕ ਜਾਵਾਂ ਤਾਂ ਵੀ ਮੇਰੇ ਡੈਡ ਮੈਨੂੰ ਪਿਆਰ ਕਰਨਾ ਨਹੀਂ ਛੱਡਣਗੇ। ਬਲਕਿ ਉਨ੍ਹਾਂ ਦਾ ਬੇਟਾ ਹੋਣ ਦੇ ਸੈਨੂੰ ਸਾਰੇ ਫ਼ਾਇਦੇ ਮਿਲਣਗੇ। ਮੇਰੇ ਨਾਲ ਉਨ੍ਹਾਂ ਦੀ ਐਨੀ ਭਲਿਆਈ ਤੇ ਐਨਾ ਕੁਝ ਮੈਨੂੰ ਦੇਣ ਤੇ ਵੀ, ਮੈਂ ਕਦੇ ਓਨਾ ਨਹੀਂ ਕਰ ਸਕਿਆ।

ਜੇ ਚੰਗੇ ਪਿਤਾ ਦਾ ਇਕ ਪੁੱਤਰ ਨੂੰ ਐਨਾ ਫ਼ਾਇਦਾ ਹੋ ਸਕਦਾ ਸੀ, ਤਾਂ ਸਾਡੇ ਪਿਤਾ ਦੇ ਰੂਪ ਵਿਚ ਖ਼ੁਦਾ ਤੋਂ ਸਾਨੂੰ ਕਿੰਨੀ ਦਲੇਰੀ ਮਿਲੇਗੀ (ਮੱਤੀ 7:9–11)? ਅਸੀਂ ਮੰਨ ਸਕਦੇ ਹਾਂ ਕਿ ਸਾਡਾ ਖ਼ੁਦਾ, ਮੇਰੇ ਡੈਡੀ ਵਾਂਗ ਨਹੀਂ ਬਲਕਿ ਉਨ੍ਹਾਂ ਨਾਲੋਂ ਕਿਤੇ ਵੱਧ ਸਾਡੀ ਕਿਸੇ ਵੀ ਮੁਸ਼ਕਿਲ ਨੂੰ ਹੱਲ ਕਰ ਸਕਦਾ ਹੈ ਅਤੇ ਜ਼ਿੰਦਗੀ ਦੇ ਕਿਸੇ ਵੀ ਹਾਲਾਤ ਵਿਚ ਉਹ ਬਦਲਦਾ ਨਹੀਂ। ਭਲਾ ਇਹ ਸਚਮੁਚ ਇਹ ਅਨੋਖੀ ਗੱਲ ਨਹੀਂ ਸੀ?

ਅਸੀਂ ਭਾਵੇਂ ਉਸ ਨੂੰ ਨਾਰਾਜ਼ ਕਰ ਦਈਏ ਤਾਂ ਵੀ ਉਹ ਸਾਨੂੰ ਮਾਫ਼ ਕਰਨ ਨੂੰ ਤਿਆਰ ਰਹਿੰਦਾ ਹੈ। ਜੇ ਅਸੀਂ ਬਹੁਤ ਦੂਰ ਭਟਕ ਜਾਈਏ ਅਤੇ ਆਪਣੇ ਪਿਤਾ ਦੀਆਂ ਹਦਾਇਤਾਂ ਨੂੰ ਪੂਰੀ ਤਰ੍ਹਾਂ ਨਕਾਰ ਦਈਏ ਤਾਂ ਵੀ ਉਹ ਸਾਨੂੰ ਪਿਆਰ ਕਰਨਾ ਨਹੀਂ ਛੱਡੇਗਾ ਬਲਕਿ ਉਹ ਸਾਨੂੰ ਪੁੱਤਰ ਹੋਣ ਦੇ ਫ਼ਾਇਦੇ ਦਏਗਾ।

ਹਾਂ, ਖ਼ੁਦਾ ਸਾਡਾ ਪਿਤਾ ਹੈ, ਅਸੀਂ ਉਸਦਾ ਪਰਿਵਾਰ ਹਾਂ! ਇਹੀ ਉਮੀਦ ਹੈ!

ਜੇ ਤੁਸੀਂ ਮਸੀਹ ਵਿਚ ਨਹੀਂ ਹੋ ਤਾਂ ਨਿਹਚਾ ਕਰਨ ਅਤੇ ਹੁਕਮ ਮੰਨਣ ਦੇ ਰਾਹੀਂ ਖ਼ੁਦਾ ਦੀ ਸੰਤਾਨ ਬਣ ਕੇ ਤੁਸੀਂ ਵੀ ਇਹੀ ਉਮੀਦ ਪਾ ਸਕਦੇ ਹੋ (ਗਲਾਤੀਆਂ 3:26, 27)।